# ਦੀ ਭੋਗਪੁਰ ਸਹਿਕਾਰੀ ਖੰਡ ਮਿੱਲ ਲਿਮ. ਭੋਗਪੁਰ (ਜਲੰਧਰ)

## ਬੁਲੋਵਾਲ ਚੌਂਕ ਤੋਂ ਮਿੱਲ ਗੇਟ ਤੱਕ 35 ਦੁਕਾਨਾਂ ਦੇ ਪਲਾਟ ਖੁੱਲੀ ਬੋਲੀ ਰਾਂਹੀਂ ਵੇਚਣ ਦੀਆਂ ਸ਼ਰਤਾਂ

### 1. ਨਿਲਾਮੀ ਕਰਨ ਬਾਰੇ ਸ਼ਰਤਾਂ:-

**I)** ਸੀ.ਐਲ ਯੂ. ਮੁਤਾਬਿਕ 35 ਦੁਕਾਨਾਂ ਦਾ ਕੁੱਲ 1827.77 ਵਰਗ ਗਜ ਏਰੀਏ ਦੀ ਮਨਜੂਰੀ ਮਿਲੀ ਹੈ ਕਮੇਟੀ ਵੱਲੋਂ ਬਾਕੀ ਰਹਿੰਦੀਆਂ 35 ਦੁਕਾਨਾਂ ਦੇ ਪਲਾਟ ਪ੍ਰਤੀ ਦੁਕਾਨ ( 27×10 =270) ਵਰਗ ਫੁੱਟ (30 ਵਰਗ ਗਜ) ਦੁਕਾਨ ਜੋ ਪਹਿਲਾਂ ਵਾਲੀਆਂ ਦੁਕਾਨਾਂ ਦੇ ਬਰਾਬਰ ਹਨ ਵੇਚੀਆਂ ਜਾਣਗੀਆਂ।

**II)** ਵੇਚੀਆਂ ਜਾਣ ਵਾਲੀਆਂ ਦੁਕਾਨਾਂ ਦੇ ਪਲਾਟ ਨੰਬਰ ਹੇਠ ਲਿਖੇ ਅਨੁਸਾਰ ਹਨ:-

| | | |
|---|---|---|
| 1 ਨੰਬਰ ਤੋਂ 5 ਨੰਬਰ | = | 05 |
| 15 ਨੰਬਰ ਤੋਂ 38 ਨੰਬਰ | = | 24 |
| 51 ਨੰਬਰ ਤੋਂ 56 ਨੰਬਰ | = | 06 |
| ਜੋੜ | = | 35 |

ਮਿੱਲ ਮੇਨ ਗੇਟ ਵਾਲੇ ਪਾਸੇ ਤੋਂ 38 ਫੁੱਟ ਕੰਧ ਤੋਂ ਜਗ੍ਹਾ ਛੱਡ ਕੇ ਬੁਲੋਵਾਲ ਚੌਕ ਤੱਕ ਦੁਕਾਨਾਂ ਦੇ ਪਲਾਟਾਂ ਨੂੰ 1 ਤੋਂ 86 ਤੱਕ ਨੰਬਰ ਦਿੱਤੇ ਗਏ ਸਨ। ਜਿਸ ਵਿਚੋਂ 51 ਦੁਕਾਨਾਂ (27'X10') ਪਹਿਲਾਂ ਹੀ ਵਿਕ ਚੁੱਕੀਆਂ ਹਨ।ਬਾਕੀ ਉਪਰੋਕਤ ਨੰਬਰਾਂ ਦੀ 27'X10' ਸਾਈਜ ਦੀਆਂ 35 ਦੁਕਾਨਾਂ ਦੇ ਪਲਾਟ ਵਿਕਣ ਵਾਲੇ ਹਨ।

**III)** ਹਰੇਕ ਦੁਕਾਨ ਦੀ ਰਾਖਵੀਂ ਕੀਮਤ 12 ਲੱਖ ਰੁਪਏ ਪ੍ਰਤੀ ਮਰਲਾ ਹੋਵੇਗੀ, ਰਿਜਰਵ ਕੀਮਤ ਤੋਂ ਘੱਟ ਬੋਲੀ ਪ੍ਰਵਾਨ ਨਹੀਂ ਹੋਵੇਗੀ।

**IV)** ਹਰੇਕ ਦੁਕਾਨ ਦੀ ਬੋਲੀ ਅਲੱਗ-ਅਲੱਗ ਹੋਵੇਗੀ। ਬੋਲੀਕਾਰ/ ਵਿਅਕਤੀਗਤ ਨੂੰ ਬੋਲੀ ਦੇਣ ਲਈ ਇਕ ਲੱਖ ਰੁਪਏ ਪ੍ਰਤੀ ਪਲਾਟ ਬਿਆਨਾਂ ਰਕਮ ਨਗਦ ਰਾਸ਼ੀ ਬੈਂਕ ਡਰਾਫਟ ਦੇ ਰੂਪ ਵਿਚ ਮਿੱਲ ਵਿੱਚ ਜਮ੍ਹਾਂ ਕਰਾਉਣੀ ਹੋਵੇਗੀ। ਜਿਸ ਦੀ ਰਸੀਦ ਦਿਖਾ ਕੇ ਇਕ ਵਿਅਕਤੀ ਇਕ ਪਰਚੀ ਤੇ ਖੁੱਲੀ ਬੋਲੀ ਵਿਚ ਭਾਗ ਲੈ ਸਕਦਾ ਹੈ।ਬੋਲੀਕਾਰ ਨੂੰ ਆਪਣੀ ਆਈਡੈਂਟੀਫਿਕੇਸ਼ਨ (Identification) ਦਿਖਾਉਣੀ ਪਵੇਗੀ ਜਿਵੇਂ ਕਿ ਅਧਾਰ ਕਾਰਡ, ਰਾਸ਼ਨ ਕਾਰਡ, ਡਰਾਇਵਿੰਗ ਲਾਈਸੈਂਸ ਜਾਂ ਵੋਟਰ ਕਾਰਡ ਅਤੇ ਪੈਨ ਕਾਰਡ (ਜੇ ਜਰੂਰਤ ਹੋਵੇ) ਲੈ ਕੇ ਆਉਣਗੇ।ਇਸ ਤੋਂ ਇਲਾਵਾ ਦੂਜੇ ਦੇ ਬਿਹਾਫ ਤੇ ਬੋਲੀ ਦੇਣ ਲਈ ਵੈਲਿਡ ਪਾਵਰ ਆਫ ਅਟਾਰਨੀ ਦੇਣ ਤੇ ਹੀ ਬੋਲੀਕਾਰ ਨੂੰ ਬੋਲੀ ਵਾਲੀ ਜਗ੍ਹਾਂ ਵਿੱਚ ਦਾਖਿਲ ਹੋਣ ਦਾ ਅਧਿਕਾਰ ਹੋਵੇਗਾ।ਬੋਲੀ ਰੀਜਰਵ ਕੀਮਤ ਤੋਂ ਚਾਲੂ ਹੋਵੇਗੀ। ਸੱਭ ਤੋਂ ਵੱਧ ਬੋਲੀ ਦੇਣ ਵਾਲੇ ਬੋਲੀਕਾਰ ਦੇ ਨਾਮ ਤੇ ਬੋਲੀ ਦਰਜ ਕਰ ਦਿੱਤੀ ਜਾਵੇਗੀ।

**V)** ਜੇਕਰ ਕੋਈ ਵਿਅਕਤੀ ਕਿਸੇ ਫਰਮ, ਕਿਸੇ ਕੰਪਨੀ ਜਾਂ ਕਿਸੇ ਸੰਸਥਾ (ਸਮੂਹ) ਆਦਿ ਦੇ ਨਾਮ ਤੇ ਬੋਲੀ ਦੇਣਾ ਚਾਹੁੰਦਾ ਹੈ ਤਾਂ ਇਸ ਸਬੰਧੀ ਕਮੇਟੀ ਦੀ ਤਸੱਲੀ ਲਈ ਕਿ ਇਹ ਫਰਮ ਕੰਪਨੀ ਆਦਿ ਕਿਸੇ ਸਬੰਧਤ ਕਾਨੂਨ ਅਧੀਨ ਰਜਿਸਟਰਡ ਹੈ ਅਤੇ ਬੋਲੀ ਦੇਣ ਵਾਲੇ ਨੂੰ ਅਧਿਕਾਰਤ ਕੀਤਾ ਹੋਇਆ ਹੈ ।ਇਸ ਸਬੰਧੀ ਕਮੇਟੀ ਸਾਹਮਣੇ ਆਪਣੇ ਕਾਗਜਾਤ ਪੇਸ਼ ਕਰਨ ਤੋਂ ਬਾਅਦ ਬੋਲੀ ਦੇਣ ਦਾ ਹੱਕਦਾਰ ਹੋਵੇਗਾ।

*VI)* *ਬੋਲੀ ਮਨਜੂਰ ਹੋਣ ਤੇ ਸਫਲ ਬੋਲੀਕਾਰ ਵਲੋਂ ਬੋਲੀ ਦੀ ਰਕਮ ਦਾ 25% ਡਰਾਫਟ ਜਾਂ ਬੈਂਕਰ ਚੈਕ ਰਾਹੀਂ ਬੋਲੀ ਤੋਂ ਬਾਅਦ 2 ਕੰਮ ਵਾਲੇ ਦਿਨਾਂ ਵਿੱਚ ਜਮ੍ਹਾਂ ਕਰਾਉਣੇ ਹੋਣਗੇ ਜਿਸ ਦੀ ਮਿੱਲ ਵਲੋਂ ਰਸੀਦ ਦਿੱਤੀ ਜਾਵੇਗੀ।ਬੋਲੀ ਜਿਸ ਦੇ ਹੱਕ ਵਿਚ ਹੋਵੇਗੀ ਉਸ ਦੀ ਅਮਾਨਤ ਰਾਸ਼ੀ 25% ਰਕਮ ਵਿਚ ਐਡਜਸਟ ਹੋ ਜਾਵੇਗੀ ਅਤੇ ਜਿਸਦੇ ਨਾਮ ਤੇ ਕੋਈ ਦੁਕਾਨ ਦਾ ਪਲਾਟ ਅਲਾਟ ਨਹੀਂ ਹੁੰਦਾ ਉਸ ਨੂੰ ਬਿਆਨਾ ਰਕਮ ਬਗੈਰ ਵਿਆਜ ਦੇ ਵਾਪਿਸ ਕਰ ਦਿੱਤੀ ਜਾਵੇਗੀ।ਬਾਕੀ ਰਹਿੰਦੀ 75% ਰਾਸ਼ੀ ਬੋਲੀ ਹੋਣ ਤੋਂ ਇਕ ਮਹੀਨੇ ਦੇ ਵਿਚ ਜਮ੍ਹਾਂ ਕਰਵਾ ਕੇ ਮਿੱਲ ਤੋਂ ਰਸੀਦ ਲੈਣੀ ਹੋਵੇਗੀ।*

*VII)* *ਟੀ.ਡੀ.ਐਸ. ਜਾਂ ਦੂਜੇ ਟੈਕਸ ਰਜਿਸਟਰੀ ਆਦਿ ਦੇ ਖਰਚੇ ਦੁਕਾਨਾ ਦੇ ਪਲਾਟ ਖਰੀਦਣ ਵਾਲੇ ਦੇ ਹੋਵੇਗੇ।*

*VIII)* *ਸਬੰਧਤ ਦੁਕਾਨ ਦੇ ਪਲਾਟ ਦੀ ਰਜਿਸਟਰੀ ਬੋਲੀ ਦੇਣ ਵਾਲੇ ਦੇ ਨਾਮ ਤੇ ਹੀ ਕੀਤੀ ਜਾਵੇਗੀ।ਜੇਕਰ ਸਬੰਧਤ ਬੋਲੀਕਾਰ ਕਿਸੇ ਹੋਰ ਦੇ ਨਾਮ ਤੇ ਰਜਿਸਟਰੀ ਕਰਵਾਉਣਾ ਚਾਹੁੰਦਾ ਹੈ ਤਾਂ ਬੋਲੀਕਾਰ ਨੂੰ ਇਕ ਲੱਖ ਰੁਪਏ ਅਲੱਗ (ਵਾਧੂ) ਜੋ ਕਿ ਪੂਰੀ ਬੋਲੀ ਦੀ ਕੀਮਤ ਤੋਂ ਵੱਖਰਾ ਹੋਵੇਗਾ, ਮਿੱਲ ਵਿੱਚ ਜਮ੍ਹਾ ਕਰਵਾ ਕੇ ਜਨਰਲ ਮੈਨੇਜਰ ਸਹਿਕਾਰੀ ਖੰਡ ਮਿੱਲ ਭੋਗਪੁਰ ਦੀ ਸਹਿਮਤੀ ਨਾਲ ਬੋਲੀ ਹੋਣ ਉਪਰੰਤ 6 ਮਹੀਨੇ ਦੇ ਵਿੱਚ -ਵਿੱਚ ਰਜਿਸਟਰੀ ਕਰਵਾ ਸਕਦਾ ਹੈ।*

*IX)* *ਸਾਰੀ ਅਦਾਇਗੀ ਹੋਣ ਤੇ ਦੁਕਾਨਾਂ ਦੇ ਪਲਾਟ ਦਾ ਕਬਜਾ ਬੋਲੀਕਾਰ ਨੂੰ ਦੇ ਦਿੱਤਾ ਜਾਵੇਗਾ।ਉਸ ਵੱਲੋਂ ਖਰੀਦ ਕੀਤੇ ਗਏ ਪਲਾਟ ਦੀ ਰਜਿਸਟਰੀ 6 ਮਹੀਨੇ ਦੇ ਵਿੱਚ-ਵਿੱਚ ਕਰਵਾਉਣੀ ਹੋਵੇਗੀ, ਨਹੀਂ ਤਾਂ ਮਿੱਲ ਪਾਸ ਜਮ੍ਹਾਂ ਪੈਸੇ ਜਬਤ ਕਰ ਲਏ ਜਾਣਗੇ।*

*X)* *ਮਿੱਲ ਵੱਲੋਂ ਦੁਕਾਨਾਂ ਦੇ ਪਲਾਟ ਦੇ 25% ਪੈਸੇ ਪ੍ਰਾਪਤ ਹੋਣ ਉਪਰੰਤ ਅਲਾਟਮੈਂਟ ਲੈਟਰ ਜਾਰੀ ਕੀਤਾ ਜਾਵੇਗਾ ਜੋ ਅੰਤਕਾ "**ੳ" ਤੇ ਨੱਥੀ** ਹੈ। ਪੂਰੇ ਪੈਸੇ ਜਮ੍ਹਾਂ ਹੋਣ ਤੇ ਮਿੱਲ ਵਲੋਂ ਮਿੱਲ ਦੇ ਕਰਮਚਾਰੀ/ ਅਧਿਕਾਰੀ ਨੂੰ ਰਜਿਸਟਰੀ ਕਰਵਾਉਣ ਲਈ ਅਧਿਕਾਰਤ ਕੀਤਾ ਜਾਵੇਗਾ।।*

*XI)* *ਜੇਕਰ ਕੋਈ ਬੋਲੀਕਾਰ ਬੋਲੀ ਤੋਂ ਬਾਅਦ ਦੋ ਕੰਮ ਵਾਲੇ ਦਿਨਾ ਵਿਚ 25% ਪੈਸੇ ਜਮ੍ਹਾ ਨਹੀਂ ਕਰਾਏਗਾ ਤਾਂ ਉਸਦੇ ਨਾਮ ਤੇ ਜਮ੍ਹਾ ਅਮਾਨਤ ਰਾਸ਼ੀ ਇਕ ਲੱਖ ਰੁਪਏ ਜਬਤ ਕੀਤੀ ਜਾਵੇਗੀ ਅਤੇ ਬੋਲੀ ਕੈਂਸਲ ਕੀਤੀ ਜਾਵੇਗੀ.ਜੇਕਰ ਇਕ ਮਹੀਨੇ ਵਿਚ ਬਾਕੀ 75% ਰਕਮ ਜਮ੍ਹਾਂ ਨਹੀਂ ਹੁੰਦੀ ਤਾਂ ਸਾਰੀ ਜਮ੍ਹਾਂ ਰਕਮ ਜਬਤ ਸਮਝੀ ਜਾਵੇਗੀ ਅਤੇ ਪਲਾਟ ਦੀ ਬੋਲੀ ਕੈਂਸਲ ਸਮਝੀ ਜਾਵੇਗੀ।*

*XII)* *ਅਮਾਨਤ ਰਾਸ਼ੀ 25% ਰਾਸ਼ੀ ਜਾਂ 75% ਰਾਸ਼ੀ ਸਮੇਂ ਸਿਰ RTGS/NEFT ਰਾਹੀਂ (ਮਿੱਲ ਦੇ HDFC Bank A/c 50200007411918 , IFS Code HDFC 0001335)ਵਿੱਚ ਸਿੱਧੇ ਜਮਾਂ ਕਰਵਾ ਕੇ UTR ਨੰ. ਮਿੱਲ ਵਿੱਚ ਦਿੱਤਾ ਜਾ ਸਕਦਾ ਹੈ।*

*XIII)* *ਹਰ ਬੋਲੀਕਾਰ ਨੂੰ ਬੋਲੀ ਦੇਣ ਲਈ 50/- ਰੁਪਏ ਜਮ੍ਹਾਂ ਕਰਵਾ ਕੇ ਮਿੱਲ ਦਾ ਨੋਮੀਨਲ ਮੈਂਬਰ ਬਣਨਾ ਹੋਵੇਗਾ ਜਿਸ ਲਈ ਨਾਲ ਨੱਥੀ ਫਾਰਮ ਭਰ ਕੇ 50/- ਰੁਪਏ ਨਗਦ ਜਾਂ ਮਿੱਲ ਦੇ ਨਾਮ ਤੇ ਡਰਾਫਟ ਰਾਹੀਂ ਜਮ੍ਹਾਂ ਕਰਵਾ ਕੇ ਰਸੀਦ ਪ੍ਰਾਪਤ ਕਰਨੀ ਹੋਵੇਗੀ। ਨੌਮੀਨਲ ਮੈਂਬਰ ਬਣਨ ਤੋਂ ਬਗੈਰ ਕਿਸੇ ਨੂੰ ਵੀ ਇਸ ਬੋਲੀ ਵਿੱਚ ਸ਼ਾਮਲ ਹੋਣ ਦੀ ਇਜ਼ਾਜ਼ਤ ਨਹੀਂ ਹੋਵੇਗੀ।*

*XIV)* *ਜੇਕਰ ਕਿਸੇ ਪਲਾਟ ਦੀ ਤਹਿ ਕੀਤੀ ਪਮਾਇਸ਼ (10'× 27') ਤੋਂ ਵੱਧ ਜਾਂ ਘੱਟ ਹੋਈ ਤਾਂ ਸਫਲ ਬੋਲੀਕਾਰ ਤੋਂ ਕੀਮਤ ਉਸੇ ਅਨੁਸਾਰ ਵਸੂਲੀ ਜਾਵੇਗੀ.*

**XV)** ਕੋਈ ਵੀ ਝਗੜਾ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ ਜਾਂ ਉਹਨਾਂ ਦੇ ਸਹਾਇਕ ਅਧਿਕਾਰੀ ਸਾਲਸੀ ਰਾਹੀਂ ਨਿਪਟਾਇਆ ਜਾਵੇਗਾ ਜੋ ਕਿ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਮੁਤਾਬਿਕ ਹੋਵੇਗਾ ਅਤੇ ਉਹ ਦੋਨੋਂ ਧਿਰਾਂ ਤੇ ਲਾਗੂ ਹੋਵੇਗਾ।

**XVI)** ਸਾਰੇ ਕਾਗਜਾਂ ਤੇ ਦਸਤਖਤ ਕਰਨ ਦਾ ਅਧਿਕਾਰ ਮਿੱਲ ਦੇ ਜਨਰਲ ਮੈਨੇਜਰ ਨੂੰ ਹੋਵੇਗਾ।ਰਜਿਸਟਰੀ ਕਰਾਉਣ ਸਮੇਂ ਲੋੜ ਅਨੁਸਾਰ ਮਿੱਲ ਦੇ ਜਨਰਲ ਮੈਨੇਜਰ ਵੱਲੋਂ ਨਿਰਧਾਰਤ ਅਧਿਕਾਰੀ ਜਾਂ ਕਰਮਚਾਰੀ ਤਹਿਸੀਲਦਾਰ ਦੇ ਦਫਤਰ ਜਾਣਗੇ।

**XVII)** ਅਮਾਨਤ ਰਾਸ਼ੀ ਅਤੇ ਨੌਮੀਨਲ ਮੈਂਬਰ ਫੀਸ ਜਮ੍ਹਾਂ ਕਰਾਉਣ ਲਈ ਮਿੱਲ ਨੂੰ ਦਿੱਤੀ ਜਾਣ ਵਾਲੀ ਅਰਜੀ ਅੰਤਕਾ **'ਅ'** ਤੇ ਨੱਥੀ ਹੈ।ਨੌਮੀਨਲ ਮੈਂਬਰ ਬਣਨ ਲਈ ਅਰਜੀ ਅੰਤਕਾ **"ੲ"** ਤੇ ਨੱਥੀ ਹੈ।

**XVIII)** ਖੁੱਲੀ ਬੋਲੀ ਰਾਹੀਂ ਦੁਕਾਨ ਦੇ ਹਰੇਕ ਪਲਾਟ ਦੀ ਵਿਕਰੀ ਰਜਿਸਟਰਾਰ ਸਹਿਕਾਰੀ ਸਭਾਵਾਂ ਪੰਜਾਬ/ਸਹਿਕਾਰੀ ਸੰਸਥਾਵਾਂ/ਸਹਿਕਾਰੀ ਸਭਾਵਾਂ ਵਲੋਂ ਜਮੀਨ ਦੀ ਵੇਚ ਸਬੰਧੀ ਨੀਤੀ ਅਨੁਸਾਰ ਅਤੇ ਪੰਜਾਬ ਸਹਿਕਾਰੀ ਸਭਾਵਾਂ ਐਕਟ 1961 ਅਤੇ ਪੰਜਾਬ ਸਹਿਕਾਰੀ ਸਭਾਵਾਂ ਰੂਲਜ਼ 1963 ਅਧੀਨ ਹੋਵੇਗੀ ਅਤੇ ਇਸ ਦੀ ਵੀਡਿਓਗ੍ਰਾਫੀ ਕੀਤੀ ਜਾਵੇਗੀ।

**XIX)** ਸਾਰੀਆਂ ਦੁਕਾਨਾ ਦੇ ਪਲਾਟ ਭਾਰਮੁਕਤ ਹਨ।ਇਸ ਸਬੰਧੀ ਜਿਮੇਵਾਰੀ ਮਿੱਲ ਦੀ ਹੋਵੇਗੀ।

**XX)** ਜੇਕਰ ਕਿਸੇ ਦੀ ਬੋਲੀ ਇਕ ਵਾਰ ਲਿਖੀ ਜਾਂਦੀ ਹੈ ਤਾਂ ਉਹ ਵਿਅਕਤੀ ਜਾ ਸੰਸਥਾ ਨੂੰ ਵਾਪਸ ਲੈਣ ਦਾ ਹੱਕ ਨਹੀਂ ਹੋਵੇਗਾ ਅਤੇ ਉਸ ਵੱਲੋਂ ਅਜਿਹਾ ਕਰਨ ਤੇ ਅਮਾਨਤ ਰਾਸ਼ੀ ਜਾ ਮਿੱਲ ਵਿੱਚ ਜਮਾਂ ਸਾਰੇ ਪੈਸੇ ਜਬਤ ਕਰ ਲਏ ਜਾਣਗੇ।

**XXI)** ਬੋਲੀ ਚਾਲੂ ਹੋਣ ਤੋਂ ਪਹਿਲਾਂ ਉਪਰੋਕਤ ਕਿਸੇ ਵੀ ਸ਼ਰਤ ਵਿੱਚ ਤਬਦੀਲੀ ਕਰਨ ਦਾ ਅਧਿਕਾਰ ਮਿੱਲ ਦੀ ਔਕਸ਼ਨ ਕਮੇਟੀ ਦਾ ਰਿਜਰਵ ਹੈ।

**XXII)** ਔਕਸ਼ਨ ਕਮੇਟੀ ਨੂੰ ਕੋਈ ਵੀ ਬੋਲੀ ਬਿਨ੍ਹਾਂ ਦੱਸੇ ਰੱਦ ਕਰਨ ਜਾਂ ਅੱਗੇ ਪਾਉਣ ਦਾ ਅਧਿਕਾਰ ਹੋਵੇਗਾ।

**ਜਨਰਲ ਮੈਨੇਜਰ**